THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ.ਪੀ.ਐਸ.ਬੀ/ਆਈ.ਟੀ/2015/ 130 ਮਿਤੀ: 15/1/15

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਟੀਚਰ ਟ੍ਰੇਨਿੰਗ ਸੰਸਥਾਵਾਂ
ਪੰਜਾਬ ਰਾਜ ਅਧੀਨ।

ਵਿਸ਼ਾ: **ਆਈ.ਟੀ.ਆਈ ਸੰਸਥਾਵਾਂ ਵਿੱਚ ਸੈਸ਼ਨ ਫਰਵਰੀ 2015 ਵਿੱਚ ਕਰਾਫਟਸਮੈਨ ਸਕੀਮ (NCVT Semester System) ਅਧੀਨ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਅਤੇ ਪ੍ਰਾਈਵੇਟ ਸਿਖਿਆਰਥੀਆਂ (ਵੈਬਸਾਇਟ ਤੇ ਅਪਲੋਡ ਸਲੈਕਸ਼ਨ ਲਿਸਟ ਅਨੁਸਾਰ) ਦੇ ਪ੍ਰੀਖਿਆ ਫਾਰਮ ਜਮਾਂ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦਸਿਆ ਜਾਂਦਾ ਹੈ ਕਿ ਫਰਵਰੀ 2015 ਵਿੱਚ ਕਰਾਫਟਸਮੈਨ ਸਕੀਮ ਅਧੀਨ (NCVT Semester System) ਅਧੀਨ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਅਤੇ ਪ੍ਰਾਈਵੇਟ ਸਿਖਿਆਰਥੀਆਂ (ਵੈਬਸਾਇਟ ਤੇ ਅਪਲੋਡ ਸਲੈਕਸ਼ਨ ਲਿਸਟ ਅਨੁਸਾਰ) ਦੇ ਪ੍ਰੀਖਿਆ ਫਾਰਮ ਹੇਠ ਅਨੁਸਾਰ ਜਮਾਂ ਕਰਵਾਏ ਜਾਣੇ ਹਨ:

| ਲੜੀ ਨੰ. | ਜ਼ਿਲਾ ਅਧੀਨ ਸੰਸਥਾਵਾਂ | ਮਿਤੀ | Examination fees | ਨਿਰਧਾਰਿਤ ਮਿਤੀ 23/1/2015 ਤੋਂ ਬਾਅਦ ਲੇਟ ਫੀਸ ਨਾਲ |
|---|---|---|---|---|
| 1. | ਪਟਿਆਲਾ, ਤਰਨਤਾਰਨ, ਫਿਰੋਜ਼ਪੁਰ, ਮੁਹਾਲੀ, ਗੁਰਦਾਸਪੁਰ ਲੁਧਿਆਣਾ | 19-1-2015 | **450/- ਪ੍ਰਤੀ ਸਿਖਿਆਰਥੀ + 75/- (ਪ੍ਰਤੀ ਸਮੈਸਟਰ) = ਕੁਲ 525/- ਰੁਪਏ (ਪ੍ਰਤੀ ਸਿਖਿਆਰਥੀ ਪ੍ਰਤੀ ਸੈਮਸਟਰ)** | 1000/- ਰੁਪਏ ਪ੍ਰਤੀ ਸਿਖਿਆਰਥੀ (31/1/2015) ਤੱਕ |
| 2. | ਮੋਗਾ, ਸੰਗਰੂਰ, ਫਾਜ਼ਿਲਕਾ, ਜਲੰਧਰ, ਮੁਕਤਸਰ, ਬਠਿੰਡਾ | 20-1-2015 | | |
| 3. | ਮਾਨਸਾ, ਫਰੀਦਕੋਟ, ਬਰਨਾਲਾ, ਹੁਸ਼ਿਆਰਪੁਰ, ਕਪੂਰਥਲਾ | 21-1-2015 | | |
| 4. | ਰੋਪੜ, ਨਵਾਂ ਸ਼ਹਿਰ, ਪਠਾਨਕੋਟ, ਫਤਿਹਗੜ੍ਹ ਸਾਹਿਬ | 22-1-2015 | | |
| 5. | ਅੰਮ੍ਰਿਤਸਰ | 23-1-2015 | | |

1. ਪ੍ਰੈਕਟੀਕਲ ਫੀਸ 50/- ਰੁਪਏ ਸੰਸਥਾ ਪੱਧਰ ਤੇ ਲਈ ਜਾਵੇਗੀ ਅਤੇ ਇਹ ਰਕਮ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਰਾਅ ਮਟੀਰੀਅਲ ਆਦਿ ਖਰੀਦਣ ਲਈ ਵਰਤੀ ਜਾਵੇਗੀ।
2. ਬੋਰਡ ਦੀ ਵੈਬਸਾਈਟ(www.punjabteched.com) ਤੇ ਅਪਲੋਡ ਪ੍ਰੀਖਿਆ ਫਾਰਮ ਸਿਖਿਆਰਥੀ ਵੱਲੋਂ ਭਰਕੇ ਆਪਣੀ ਸੰਸਥਾ (ਆਈ.ਟੀ.ਆਈ) ਵਿੱਚ ਜਮਾਂ ਕਰਵਾਇਆ ਜਾਵੇਗਾ ਅਤੇ ਸੰਸਥਾ ਦੁਆਰਾ ਇਹ APF Details ਪੱਤਰ ਨਾਲ ਨੱਥੀ ਪ੍ਰੋਫਾਰਮੇ( ਪ੍ਰੋਫਾਰਮਾ Excel format ਵਿੱਚ website ਤੋਂ download) ਵੀ ਕੀਤਾ ਜਾ ਸਕਦਾ ਹੈ) ਤੇ ਭਰਕੇ, ਪ੍ਰਿੰਸੀਪਲ ਵੱਲੋਂ ਤਸਦੀਕ ਕਰਨ ਉਪਰੰਤ ਬੋਰਡ ਦਫਤਰ ਵਿਖੇ ਲੋੜੀਂਦੀ ਫੀਸ ਦੇ ਨਾਲ ਜਮਾਂ ਕਰਵਾਇਆ ਜਾਵੇ। ਇਹ ਪ੍ਰੋਫਾਰਮਾ ਟਰੇਡ ਅਨੁਸਾਰ ਬਣਾਇਆ ਜਾਵੇ ਜੀ।
3. **ਉਪਰੋਕਤ ਤੋਂ ਇਲਾਵਾ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਜਿਸਟਰੇਸ਼ਨ ਨੰ. ਜੋ ਕਿ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੇ ਗਏ ਹਨ ਉਸ ਅਨੁਸਾਰ ਐਮ.ਆਈ.ਐਸ (MIS) ਡਾਟਾ ਦੀ ਸੀ.ਡੀ ਬਣਾ ਕੇ ਵੀ ਬੋਰਡ ਦਫਤਰ ਵਿਖੇ ਫਾਰਮਾਂ ਦੇ ਨਾਲ ਹੀ ਲਾਜ਼ਮੀ ਜਮਾਂ ਕਰਵਾਈ ਜਾਵੇ ਤਾਂ ਜੋ ਸਿਖਿਆਰਥੀਆਂ ਨੂੰ ਪ੍ਰੀਖਿਆ ਵਿੱਚ ਅਪੀਅਰ ਹੋਣ ਵਿੱਚ ਕੋਈ ਔਕੜ ਨਾ ਆਵੇ ਜੀ। ਇਸ MIS Data ਨੂੰ ਜਮਾਂ ਕਰਵਾਉਣਾ ਅਤਿ ਜ਼ਰੂਰੀ ਸਮਝਿਆ ਜਾਵੇ।**

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)

ਉਪਰੋਕਤ ਦਾ ਉਤਾਰਾ ਕੰਟਰੋਲਰ (ਵਿੱਤ ਅਤੇ ਲੇਖਾ) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)

ਨੋਟ: ਸਿਖਿਆਰਥੀਆਂ ਦੇ ਏ.ਪੀ.ਐਫ ਸੰਸਥਾ ਆਪਣੇ ਰਿਕਾਰਡ ਵਿੱਚ ਰੱਖੇਗੀ। ਬੋਰਡ ਦਫਤਰ ਵਿਖੇ ਸਿਰਫ ਪ੍ਰਿੰਸੀਪਲ ਵੱਲੋਂ ਤਸਦੀਕਸ਼ੁਦਾ ਏ.ਪੀ.ਐਫ ਡਿਟੇਲ ਪ੍ਰੋਫਾਰਮਾ ਅਤੇ ਫੀਸ ਦਾ ਪ੍ਰੋਫਾਰਮਾ ਜਮਾਂ ਕਰਵਾਇਆ ਜਾਵੇ।
ਨਿਯਤ ਮਿਤੀ ਨੂੰ ਫਾਰਮ ਜਮਾਂ ਕਰਵਾਉਣੇ ਯਕੀਨੀ ਬਣਾਏ ਜਾਣ।